# ਤੀਰਥਾਂ ਦੀ ਯਾਤਰਾ ਨੂੰ

ਆਓ  ਚਲੀਏ ਮੇਰੇ ਯਾਰ
ਤੀਰਥਾਂ ਦੀ ਯਾਤਰਾ ਨੂੰ
ਜਨਤਾ ਤੇ ਪਾਈਏ  ਭਾਰ
ਤੀਰਥਾਂ ਦੀ ਯਾਤਰਾ ਨੂੰ

ਸੇਵਕਾਂ ਨੂੰ ਤਨਖਾਹ ਨਹੀਂ ਮਿਲਦੀ
ਰੋਂਦੇ ਜਾਰੋ ਜ਼ਾਰ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ ਮੇਰੇ ਯਾਰ

ਆਂਗਨ  ਵਾੜੀ  ਵਾਲੇ ਵਰਕਰ
ਰੋਜ਼ ਹੀ ਖਾਂਦੇ ਮਾਰ
ਕਟਿਆਂ ਵਾਲੇ ਘਰਾਂ ਚੋਂ ਲੱਸੀ
ਲਭਦੇ ਹੋ ਮੇਰੇ ਯਾਰ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ  ਮੇਰੇ ਯਾਰ

ਹਰੀ  ਚੰਦ ਵਰਗੇ ਬੇਵਕੂਫ਼ ਨੇ
ਟੈਕ੍ਸਾਂ  ਦਾ ਚੁਕਦੇ ਭਾਰ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ  ਮੇਰੇ ਯਾਰ

ਇਕ ਹਫਤੇ ਲਈ ਰੋਟੀ ਦਾ ਗਮ
ਮਨ ਵਿਚੋਂ ਦੇਵੀਏ ਵਿਸਾਰ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ  ਮੇਰੇ ਯਾਰ

ਤੇਰੀ ਟਿਕਟ ਵੀ ਲੈ ਲੂੰ
ਮੇਨੂੰ ਜਾਣਦਾ  ਜਥੇਦਾਰ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ  ਮੇਰੇ ਯਾਰ

ਕਈ ਕਰੋੜਾਂ ਇਨਕਮ ਵਾਲੇ
ਹੋਵਣ  ਮੁਫਤ ਸਵਾਰ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ  ਮੇਰੇ ਯਾਰ

ਚੋਣਾਂ ਦੇ ਵਿਚ ਮੇਰੇ ਯਾਰੋ
ਇਕ ਰਹੇ ਗਿਆ ਸਾਲ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ  ਮੇਰੇ ਯਾਰ

ਬਾਅਦ ਵਿਚ ਤਾਂ ਰੋਣਾ ਹੈ ਅਸੀਂ
ਹਥ ਪੱਟਾਂ ਤੇ ਮਾਰ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ  ਮੇਰੇ ਯਾਰ

ਹਥਾਂ ਦੇ ਵਿਚ ਭੀਖ ਦਾ ਬਾਟਾ
ਹਾਥੀ ਉਤੇ ਸਵਾਰ
"ਮਾਲੀਏ" ਦੇ ਵਾਂਗਰ  ਲਗਦੀ
ਕਿੰਗ ਫ਼ਿਸ਼ਰ   ਸਰਕਾਰ
ਤੀਰਥਾਂ ਦੀ ਯਾਤਰਾ ਨੂੰ
ਆਓ ਚਲੀਏ  ਮੇਰੇ ਯਾਰ